# ਨੌਰਥ ਡੈਲਟਾ ਸੈਕੰਡਰੀ

11447 82 Avenue, Delta, British Columbia V4C 5J6 ਟੈਲੀਫੋਨ: 604-596-7471 ਫੈਕਸ: 604-596-6192


## ਪ੍ਰਿੰਸੀਪਲ ਦਾ ਸੁਨੇਹਾ

ਮੈਨੂੰ ਉਮੀਦ ਹੈ ਕਿ ਤੁਹਾਡੇ ਪਰਿਵਾਰ ਦੀਆਂ ਗਰਮੀਆਂ ਸੁਰੱਖਿਅਤ ਅਤੇ ਆਰਾਮਦਾਇਕ ਬੀਤੀਆਂ ਹੋਣਗੀਆਂ। ਭਾਵੇਂ ਤੁਸੀਂ ਸਫਰ ਕੀਤਾ ਹੋਵੇ, ਕੰਮ ਕੀਤਾ ਹੋਵੇ ਜਾਂ ਗਰਮੀਆਂ ਦੇ ਸਕੂਲ ਵਿੱਚ ਗਏ ਹੋਵੋ, ਮੈਨੂੰ ਯਕੀਨ ਹੈ ਕਿ ਤੁਸੀਂ ਇਸ ਤੋਂ ਬਹੁਤ ਕੁਝ ਸਿੱਖਿਆ ਹੋਵੇਗਾ। ਅਸੀਂ ਅਗਸਤ ਦੇ ਅਖੀਰ ਵੱਲ ਵੱਧ ਰਹੇ ਹਾਂ ਅਤੇ 'ਬੈਕ ਟੂ ਸਕੂਲ" ਦੇ ਇਸ਼ਤਿਹਾਰ ਨਜ਼ਰ ਆਉਣ ਲੱਗੇ ਹਨ, ਜਿਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਸਕੂਲ ਦਾ ਨਵਾਂ ਸਾਲ ਸ਼ੁਰੂ ਹੋਣ ਵਾਲਾ ਹੈ। ਸਾਡੇ ਗਰੇਡ 8 ਦੇ ਨਵੇਂ ਵਿਦਿਆਰਥੀ ਉਤਸੁਕਤਾ ਨਾਲ ਹਾਈ ਸਕੂਲ ਵਿੱਚ ਦਾਖਲ ਹੋਣ ਦੀ ਉਡੀਕ ਕਰ ਰਹੇ ਹਨ, ਅਤੇ 2020 ਵਿੱਚ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ ਆਪਣੇ ਗਰੈਜੂਏਟ ਹੋਣ ਦੇ ਸਾਲ ਦਾ ਚਾਅ ਹੈ। ਇਹ ਚਿੱਠੀ (ਨਿਊਜ਼ ਲੈਟਰ) ਸਕੂਲ ਦੇ ਸ਼ੁਰੂ ਹੋਣ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦੀ ਹੈ। ਨੌਰਥ ਡੈਲਟਾ ਦੇ ਸਾਰੇ ਸਟਾਫ ਵਲੋਂ ਮੈਂ ਸਾਰੇ ਨਵੇਂ ਅਤੇ ਵਾਪਸ ਆ ਰਹੇ ਵਿਦਿਆਰਥੀਆਂ ਅਤੇ ਪਰਿਵਾਰਾਂ ਦਾ ਨਿੱਘਾ ਸਵਾਗਤ ਕਰਦਾ ਹਾਂ। ਮੈਂ ਤੁਹਾਨੂੰ ਸਤੰਬਰ ਵਿੱਚ ਮਿਲਣ ਦਾ ਖੁਸ਼ੀ ਨਾਲ ਇੰਤਜ਼ਾਰ ਕਰ ਰਿਹਾ ਹਾਂ।

ਮਿਸਟਰ. ਏ. ਅਕਿਊਨ

## ਨਵੇਂ ਹਸਕੀ ਸਟਾਫ ਦਾ ਸਵਾਗਤ ਹੈ

ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਜਦੋਂ ਅਸੀਂ ਸਕੂਲ ਨੂੰ ਵਾਪਸ ਆਵਾਂਗੇ, ਕੁਝ ਨਵੇਂ ਮੈਂਬਰ ਸਾਡੇ ਸਟਾਫ ਵਿੱਚ ਸ਼ਾਮਲ ਹੋਣਗੇ। ਕਿਰਪਾ ਕਰਕੇ ਮੇਰੇ ਨਾਲ ਮਿਲ ਕੇ ਅੱਗੇ ਦੱਸੇ ਸਟਾਫ ਦੇ ਨਵੇਂ ਮੈਂਬਰਾਂ ਦਾ ਸਵਾਗਤ ਕਰੋ।

ਮਿਸਟਰ ਬੀ. ਸਕਾਰ – ਵਾਈਸ ਪ੍ਰਿੰਸੀਪਲ
ਮਿਜ਼ ਏ. ਗਿੱਲ – ਇੰਗਲਿਸ਼
ਮਿਸਟਰ ਡੀ. ਪਿੰਟਨ – ਇੰਗਲਿਸ਼
ਮਿਸਟਰ ਆਰ. ਗਿੱਲ – ਫਿਜ਼ੀਕਲ ਐਂਡ ਹੈਲਥ ਐਜੂਕੇਸ਼ਨ, ਸਾਇੰਸ, ਐਥਲੈਟਿਕ ਡਾਇਰੈਕਟਰ
ਮਿਸਟਰ ਐੱਫ. ਡਾਇਟ੍ਰਿਚ – ਆਟੋਮੋਟਿਵ
ਮਿਜ਼ ਐੱਲ. ਹੁਇਸ – ਕਾਊਂਸਲਿੰਗ
ਮਿਜ਼ ਏ. ਕਿਮ – ਹੋਮ ਇਕਨੌਮਿਕਸ
ਮਿਸਟਰ ਐੱਮ. ਮੂਨ – ਫਿਜ਼ੀਕਲ ਐਂਡ ਹੈਲਥ ਐਜੂਕੇਸ਼ਨ
ਮਿਜ਼ ਐੱਸ. ਸਮਰਾ – ਇੰਗਲਿਸ਼ ਲੈਂਗੂਏਜ ਲਰਨਿੰਗ
ਮਿਜ਼ ਐੱਨ. ਗਿੱਲ – ਐਜੂਕੇਸ਼ਨਲ ਅਸਿਸਟੈਂਟ
ਮਿਸਟਰ ਏ. ਮਿਨੀਚਿੱਲੀ – ਜੂਨੀਅਰ ਸੁਪੋਰਟਿਵ ਲਰਨਿੰਗ

## ਸਕੂਲ ਦਾ ਪਹਿਲਾ ਹਫਤਾ

ਐੱਨ ਡੀ (ਨੌਰਥ ਡੈਲਟਾ) ਵਿੱਚ ਦਾਖਲ ਹੋਣ ਦੀ ਵਿਉਂਤ ਬਣਾ ਰਹੇ ਵਿਦਿਆਰਥੀਆਂ ਲਈ ਹਾਜ਼ਰ ਹੋਣਾ ਜ਼ਰੂਰੀ ਹੈ। ਗੈਰਹਾਜ਼ਰ ਵਿਦਿਆਰਥੀਆਂ ਨੂੰ ਸਕੂਲ ਦੇ ਦਾਖਲੇ ਦੀ ਸੂਚੀ ਤੋਂ ਕੱਢ ਦਿੱਤਾ ਜਾਵੇਗਾ ਜਾਂ ਉਨ੍ਹਾਂ ਦੇ ਕੋਰਸ ਹਟਾ ਦਿੱਤੇ ਜਾਣਗੇ। **ਜੇ ਤੁਸੀਂ ਸਕੂਲ ਦੇ ਪਹਿਲੇ ਹਫਤੇ ਦੌਰਾਨ ਗੈਰਹਾਜ਼ਰ ਹੋਣਾ ਹੈ ਤਾਂ ਕਿਰਪਾ ਕਰਕੇ ਇਸ ਬਾਰੇ ਦਫਤਰ ਨੂੰ ਜਾਣਕਾਰੀ ਦੇਵੋ।**

### ਖੁੱਲ੍ਹਣ ਦਾ ਦਿਨ – ਮੰਗਲਵਾਰ, 3 ਸਤੰਬਰ

**ਗ੍ਰੇਡ 8**
ਸਵੇਰ ਦੇ 8:30 ਵਜੇ: ਖੁੱਲਣ ਦੇ ਦਿਨ ਦੀਆਂ ਸਰਗਰਮੀਆਂ ਅਤੇ ਗ੍ਰੇਡ 8 ਦੀ ਕਲਾਸ ਫੋਟੋ ਲਈ ਜਿੰਮਨੇਜ਼ੀਅਮ ਵਿੱਚ ਆਉ
ਸਵੇਰ ਦੇ 10:30 ਵਜੇ: ਥਿਏਟਰ ਵਿੱਚ ਸਵਾਗਤੀ ਮੀਟਿੰਗ
ਸਵੇਰ ਦੇ 11:00 ਵਜੇ: ਵਾਪਸੀ ਦੇ ਸਵਾਗਤ ਵਿੱਚ ਬਾਰਬੀਕਿਊ

**ਗ੍ਰੇਡ 9 ਅਤੇ 10**
ਸਵੇਰ ਦੇ 10:45 ਵਜੇ: ਵਿਦਿਆਰਥੀ ਬਲਾਕ ਏ ਦੀਆਂ ਕਲਾਸਾਂ ਵਿੱਚ ਹਾਜ਼ਰ ਹੋਣਗੇ
ਸਵੇਰ ਦੇ 11:05 ਵਜੇ: ਥਿਏਟਰ ਵਿੱਚ ਸਵਾਗਤੀ ਮੀਟਿੰਗ
ਸਵੇਰ ਦੇ 11:20 ਵਜੇ: ਵਾਪਸੀ ਦੇ ਸਵਾਗਤ ਵਿੱਚ ਬਾਰਬੀਕਿਊ

**ਗ੍ਰੇਡ 11**
ਸਵੇਰ ਦੇ 11:10 ਵਜੇ: ਵਿਦਿਆਰਥੀ ਬਲਾਕ ਏ ਦੀਆਂ ਕਲਾਸਾਂ ਵਿੱਚ ਹਾਜ਼ਰ ਹੋਣਗੇ
ਸਵੇਰ ਦੇ 11:30 ਵਜੇ: ਥਿਏਟਰ ਵਿੱਚ ਸਵਾਗਤੀ ਮੀਟਿੰਗ
ਸਵੇਰ ਦੇ 11:45 ਵਜੇ: ਵਾਪਸੀ ਦੇ ਸਵਾਗਤ ਵਿੱਚ ਬਾਰਬੀਕਿਊ

**ਗ੍ਰੇਡ 12**
ਸਵੇਰ ਦੇ 11:40 ਵਜੇ: ਵਿਦਿਆਰਥੀ ਬਲਾਕ ਏ ਦੀਆਂ ਕਲਾਸਾਂ ਵਿੱਚ ਹਾਜ਼ਰ ਹੋਣਗੇ
ਦੁਪਹਿਰ ਦੇ 12:00 ਵਜੇ: ਥਿਏਟਰ ਵਿੱਚ ਸਵਾਗਤੀ ਮੀਟਿੰਗ
ਦੁਪਹਿਰ ਦੇ 12:15 ਵਜੇ: ਵਾਪਸੀ ਦੇ ਸਵਾਗਤ ਵਿੱਚ ਬਾਰਬੀਕਿਊ
** ਗ੍ਰੈਡ ਲੈਨੀਆਰਡ ਸਿਰਫ ਪਹਿਲੇ ਦਿਨ ਹੀ ਦਿੱਤੇ ਜਾਣਗੇ।*

ਗ੍ਰੇਡ 9-12 ਦੇ ਵਿਦਿਆਰਥੀ ਆਪਣੀ ‘ਬਲਾਕ ਏ ਕਲਾਸ’ ਵਿੱਚ ਆਪਣੇ ਸਕੈਜੂਅਲ (ਸਮਾਂ ਸੂਚੀ) ਅਨੁਸਾਰ ਹਾਜ਼ਰ ਹੋਣਗੇ। ਕਿਰਪਾ ਕਰਕੇ ਸਕੂਲ ਖੁੱਲ੍ਹਣ ਵਾਲੇ ਦਿਨ ਹਾਜ਼ਰ ਹੋਣ ਲਈ ਵਿਦਿਆਰਥੀ ਦੀ ਬਲਾਕ ਏ ਕਲਾਸ, ਉਸ ਦੇ ਅਧਿਆਪਕ ਅਤੇ ਕਮਰੇ ਬਾਰੇ ਜਾਣਨ ਲਈ ਸਟੂਡੈਂਟ/ਪੇਰੈਂਟ ਕੁਨੈਕਟ ਦੇਖੋ। ਵਿਦਿਆਰਥੀ ਦਾ ਸਕੈਜੂਅਲ ਸ਼ੁੱਕਰਵਾਰ, 23 ਅਗਸਤ ਨੂੰ ਸਟੂਡੈਂਟ/ਪੇਰੈਂਟ ਕੁਨੈਕਟ ’ਤੇ ਦੇਖਿਆ ਜਾ ਸਕੇਗਾ। ਸਕੂਲ ਖੁੱਲ੍ਹਣ ਵਾਲੇ ਦਿਨ ਵਿਦਿਆਰਥੀਆਂ ਨੂੰ ਪੈੱਨ ਅਤੇ ਪੇਪਰ ਲਿਆਉਣੇ ਚਾਹੀਦੇ ਹਨ।

ਬੁੱਧਵਾਰ, 4 ਸਤੰਬਰ ਤੋਂ ਵਿਦਿਆਰਥੀਆਂ ਨੂੰ ਹੇਠਾਂ ਦਿੱਤੇ ਗਏ ਘੰਟੀ ਦੇ ਆਮ ਸਕੈਜੂਅਲ ਅਨੁਸਾਰ ਚੱਲਣਾ ਚਾਹੀਦਾ ਹੈ।

**ਬੁੱਧਵਾਰ, 4 ਸਤੰਬਰ – ਦਿਨ 1**

| | |
|---|---|
| ਸਵੇਰ ਦੇ 9:35 – 10:40 ਵਜੇ ਤੱਕ | ਬਲਾਕ ਏ |
| ਸਵੇਰ ਦੇ 10:45 – 11:50 ਵਜੇ ਤੱਕ | ਬਲਾਕ ਬੀ |
| ਸਵੇਰ ਦੇ 11:50 – ਦੁਪਹਿਰ ਦੇ 12:30 ਵਜੇ ਤੱਕ | ਲੰਚ |
| ਦੁਪਹਿਰ ਦੇ 12:35 –1:40 ਵਜੇ ਤੱਕ | ਬਲਾਕ ਸੀ |
| ਦੁਪਹਿਰ ਦੇ 1:45–2:50 ਵਜੇ ਤੱਕ | ਬਲਾਕ ਡੀ |

**ਵੀਰਵਾਰ, ਸਤੰਬਰ 5 – ਦਿਨ 2**

| | |
|---|---|
| ਸਵੇਰ ਦੇ 8:30 – 9:40 ਵਜੇ ਤੱਕ | ਬਲਾਕ ਬੀ |
| ਸਵੇਰ ਦੇ 9:45 – 10:25 ਵਜੇ ਤੱਕ | ਫਲੈਕਸ |
| ਸਵੇਰ ਦੇ 10:30 – 11:40 ਵਜੇ ਤੱਕ | ਬਲਾਕ ਏ |
| ਸਵੇਰ ਦੇ 11:40 – ਦੁਪਹਿਰ ਦੇ 12:20 ਵਜੇ ਤੱਕ | ਲੰਚ |
| ਦੁਪਹਿਰ ਦੇ 12:25 –1:35 ਵਜੇ ਤੱਕ | ਬਲਾਕ ਡੀ |
| ਦੁਪਹਿਰ ਦੇ 1:40–2:50 ਵਜੇ ਤੱਕ | ਬਲਾਕ ਸੀ |

**ਸ਼ੁੱਕਰਵਾਰ, ਸਤੰਬਰ 6 – ਦਿਨ 1**

| | |
|---|---|
| ਸਵੇਰ ਦੇ 8:30 – 9:40 ਵਜੇ ਤੱਕ | ਬਲਾਕ ਏ |
| ਸਵੇਰ ਦੇ 9:45 – 10:25 ਵਜੇ ਤੱਕ | ਫਲੈਕਸ |
| ਸਵੇਰ ਦੇ 10:30 – 11:40 ਵਜੇ ਤੱਕ | ਬਲਾਕ ਬੀ |
| ਸਵੇਰ ਦੇ 11:40 – ਦੁਪਹਿਰ ਦੇ 12:20 ਵਜੇ ਤੱਕ | ਲੰਚ |
| ਦੁਪਹਿਰ ਦੇ 12:25 –1:35 ਵਜੇ ਤੱਕ | ਬਲਾਕ ਸੀ |
| ਦੁਪਹਿਰ ਦੇ 1:40–2:50 ਵਜੇ ਤੱਕ | ਬਲਾਕ ਡੀ |

## ਟਾਈਮਟੇਬਲ ਅਤੇ ਬੈੱਲ ਸਕੈਜੂਅਲ

ਨੌਰਥ ਡੈਲਟਾ ਸਮੈਸਟਰ ਦੇ ਟਾਈਮਟੇਬਲ (ਸਮਾਂ ਸੂਚੀ) ਅਨੁਸਾਰ ਚੱਲਦਾ ਹੈ (ਦਿਨ 1 ਅਤੇ 2), ਜਿਸ ਵਿੱਚ ਵਿਦਿਆਰਥੀ ਹਰ ਰੋਜ਼ ਵਾਰੀ ਵਾਰੀ ਚਾਰ ਕਲਾਸਾਂ ਵਿੱਚ ਜਾਂਦੇ ਹਨ। ਹਰ ਸੋਮਵਾਰ, ਮੰਗਲਵਾਰ, ਵੀਰਵਾਰ ਅਤੇ ਸ਼ੁੱਕਰਵਾਰ ਨੂੰ ਵਿਦਿਆਰਥੀ ਪੀਰੀਅਡ 1 ਅਤੇ ਪੀਰੀਅਡ 2 ਵਿਚਕਾਰ ਫਲੈਕਸ ਟਾਈਮ ਵਿੱਚ ਵੀ ਹਾਜ਼ਰੀ ਲਾਉਂਦੇ ਹਨ।

ਸੋਮਵਾਰ, ਮੰਗਲਵਾਰ, ਵੀਰਵਾਰ, ਸ਼ੁੱਕਰਵਾਰ ਬੈੱਲ ਸਕੈਜੂਅਲ

| | | ਦਿਨ 1 | ਦਿਨ 2 |
|---|---|---|---|
| ਸਵੇਰ ਦੇ 8:30 – 9:40 ਵਜੇ ਤੱਕ | ਪੀਰੀਅਡ 1 | ਏ | ਬੀ |
| ਸਵੇਰ ਦੇ 9:45 – 10:25 ਵਜੇ ਤੱਕ | *ਫਲੈਕਸ ਟਾਈਮ* | ਏ | ਬੀ |
| ਸਵੇਰ ਦੇ 10:30 – 11:40 ਵਜੇ ਤੱਕ | ਪੀਰੀਅਡ 2 | ਬੀ | ਏ |
| ਸਵੇਰ ਦੇ 11:40 – ਦੁਪਹਿਰ ਦੇ 12:20 ਵਜੇ ਤੱਕ | ਲੰਚ | | |
| ਦੁਪਹਿਰ ਦੇ 12:25 –1:35 ਵਜੇ ਤੱਕ | ਪੀਰੀਅਡ 3 | ਸੀ | ਡੀ |
| ਦੁਪਹਿਰ ਦੇ 1:40–2:50 ਵਜੇ ਤੱਕ | ਪੀਰੀਅਡ 4 | ਡੀ | ਸੀ |

## ਸਾਂਝੇ ਦਿਨ

ਹਰ ਬੁੱਧਵਾਰ ਨੂੰ ਨੌਰਥ ਡੈਲਟਾ ਨੇ ਸਕੂਲ ਕੈਲੰਡਰ ਵਿੱਚ ਬਾਕਾਇਦਾ ਸਾਂਝਾਂ ਦਿਨ ਸ਼ਾਮਲ ਕੀਤਾ ਹੈ। ਵਿਦਿਆਰਥੀ ਆਪਣਾ ਦਿਨ ਸਵੇਰ ਦੇ 9:35 'ਤੇ ਸ਼ੁਰੂ ਕਰਦੇ ਹਨ। ਬੁੱਧਵਾਰ ਨੂੰ ਕੋਈ ਫਲੈਕਸ ਟਾਈਮ ਨਹੀਂ ਹੁੰਦਾ।

ਬੁੱਧਵਾਰ ਦਾ ਬੈੱਲ ਸਕੈਜੂਅਲ

| | |
|---|---|
| ਸਵੇਰ ਦੇ 8:30 – 9:40 ਵਜੇ ਤੱਕ | ਸਾਂਝਾ ਟਾਈਮ |
| ਸਵੇਰ ਦੇ 9:35 – 10:40 ਵਜੇ ਤੱਕ | ਪੀਰੀਅਡ 1 |
| ਸਵੇਰ ਦੇ 10:45 – 11:50 ਵਜੇ ਤੱਕ | ਪੀਰੀਅਡ 2 |
| ਸਵੇਰ ਦੇ 11:40 – ਦੁਪਹਿਰ ਦੇ 12:30 ਵਜੇ ਤੱਕ | ਲੰਚ |
| ਦੁਪਹਿਰ ਦੇ 12:35 –1:40 ਵਜੇ ਤੱਕ | ਪੀਰੀਅਡ 3 |
| ਦੁਪਹਿਰ ਦੇ 1:45–2:50 ਵਜੇ ਤੱਕ | ਪੀਰੀਅਡ 4 |

## ਲੌਕਰ

ਲੌਕਰ ਬੁੱਧਵਾਰ, 4 ਸਤੰਬਰ ਨੂੰ ਦਿੱਤੇ ਜਾਣਗੇ ਅਤੇ ਵਿਦਿਆਰਥੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਉਸ ਹੀ ਦਿਨ ਆਪਣੇ ਦਿੱਤੇ ਗਏ ਲੌਕਰ ਨੂੰ ਤਾਲਾ (ਲੌਕ) ਲਾ ਲੈਣਗੇ। ਗ੍ਰੇਡ 8 ਦੇ ਵਿਦਿਆਰਥੀਆਂ ਨੂੰ ਸਕੂਲ ਦਾ ਤਾਲਾ (ਲੌਕ) ਦਿੱਤਾ ਜਾਵੇਗਾ। ਵਿਦਿਆਰਥੀ ਸਕੂਲ ਤੋਂ 7.00 ਡਾਲਰ ਦਾ ਤਾਲਾ ਖ੍ਰੀਦ ਸਕਦੇ ਹਨ। ਸੁਰੱਖਿਆ ਕਾਰਨ ਵਿਦਿਆਰਥੀਆਂ ਨੂੰ ਆਪਣੇ ਲੌਕਰ ਦਾ ਨੰਬਰ (ਕੰਬੀਨੇਸ਼ਨ) ਸਕੂਲ ਨੂੰ ਦੇਣਾ ਪਵੇਗਾ।

## ਵਿਦਿਆਰਥੀਆਂ ਦੇ ਟਾਈਮਟੇਬਲ

ਵਿਦਿਆਰਥੀਆਂ ਦੇ ਟਾਈਮਟੇਬਲ ਸਟੂਡੈਂਟ/ਪੇਰੈਂਟ ਕੁਨੈਕਟ ਉੱਤੇ ਸ਼ੁੱਕਰਵਾਰ 23 ਅਗਸਤ ਨੂੰ ਲਾ ਦਿੱਤੇ ਜਾਣਗੇ। ਅੱਗੇ ਦਿੱਤੀਆਂ ਚੀਜ਼ਾਂ ਯਕੀਨੀ ਬਣਾਉਣ ਲਈ ਵਿਦਿਆਰਥੀਆਂ ਨੂੰ ਆਪਣੇ ਟਾਈਮਟੇਬਲ ਦੇਖਣੇ ਚਾਹੀਦੇ ਹਨ:

- ਉਨ੍ਹਾਂ ਦੇ ਸਕੈਜੂਅਲ ਵਿੱਚ ਅੱਠ ਕੋਰਸ ਸ਼ਾਮਲ ਹਨ – ਹਰ ਇਕ ਸਮੈਸਟਰ ਦੇ ਚਾਰ ਕੋਰਸ।
- ਉਨ੍ਹਾਂ ਨੇ ਆਪਣੇ ਹਰ ਇਕ ਕੋਰਸ ਲੈਣ ਲਈ ਲੋੜੀਂਦੀ ਸ਼ਰਤ (ਪ੍ਰੀਰੈਕਿਊਜ਼ਟ) ਕਾਮਯਾਬੀ ਨਾਲ ਮੁਕੰਮਲ ਕੀਤੀ ਹੋਈ ਹੈ।
- ਉਨ੍ਹਾਂ ਦੇ ਕੋਰਸ ਵਾਰੀ ਸਿਰ ਸਹੀ ਹਨ। ਇਕ ਹੀ ਕੋਰਸ ਦੇ ਦੋ ਗ੍ਰੇਡਾਂ ਦੇ ਪੱਧਰ, ਜਿਵੇਂ ਕਿ ਫ੍ਰੈਂਚ 10 ਅਤੇ ਫ੍ਰੈਂਚ 11, ਲੈਣ ਵਾਲੇ ਵਿਦਿਆਰਥੀਆਂ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕੋਰਸ ਦੇ ਗ੍ਰੇਡ ਦਾ ਹੇਠਲਾ ਪੱਧਰ ਪਹਿਲੇ ਸਮੈਸਟਰ ਵਿੱਚ ਲਿਆ ਜਾਣਾ ਹੈ।
- ਉਨ੍ਹਾਂ ਦੇ ਸਕੈਜੂਅਲ ਵਿੱਚ ਸਮਰ ਸਕੂਲ ਜਾਂ ਡਿਸਟੈਂਟ ਲਰਨਿੰਗ ਦੌਰਾਨ ਮੁਕੰਮਲ ਕੀਤੇ ਗਏ ਕੋਰਸ ਨੂੰ ਮੁਕੰਮਲ ਕੀਤਾ ਗਿਆ ਕੋਰਸ ਦਿਖਾਇਆ ਗਿਆ ਹੈ।

## ਸਟੱਡੀ ਬਲਾਕ ਪਾਲਸੀ

ਗ੍ਰੇਡ 8-11 ਦੇ ਵਿਦਿਆਰਥੀਆਂ ਲਈ 8 ਕੋਰਸ ਲੈਣਾ ਜ਼ਰੂਰੀ ਹੈ। ਸਟੱਡੀ ਬਲਾਕਸ ਲੈਣ ਦੀ ਇਜਾਜ਼ਤ ਨਹੀਂ ਹੈ।
ਗ੍ਰੇਡ 12 ਦੇ ਵਿਦਿਆਰਥੀਆਂ ਨੂੰ ਕੈਰੀਅਰ ਲਾਈਫ ਕੁਨੈਕਸ਼ਨਜ਼ 12 ਅਤੇ ਆਪਣੇ ਕੈਪਸਟੋਨ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਇਕ ਸਟੱਡੀ ਬਲਾਕ ਲੈਣ ਦਿੱਤਾ ਜਾਵੇਗਾ।

## ਕੋਰਸ ਵਿੱਚ ਤਬਦੀਲੀਆਂ

ਹੇਠ ਲਿਖੇ ਕਾਰਨਾਂ ਕਰਕੇ ਕੋਰਸਾਂ ਵਿੱਚ ਤਬਦੀਲੀ ਕਰਨ ਲਈ ਕੀਤੀਆਂ ਬੇਨਤੀਆਂ ਨੂੰ ਪਹਿਲ ਦਿੱਤੀ ਜਾਵੇਗੀ:

- ਵਿਦਿਆਰਥੀ ਦਾ ਟਾਈਮਟੇਬਲ ਪੂਰਾ ਨਹੀਂ ਹੈ (8 ਤੋਂ ਘੱਟ ਕੋਰਸ)

- ਵਿਦਿਆਰਥੀ ਨੇ ਆਪਣੇ ਟਾਈਮਟੇਬਲ 'ਤੇ ਲਿਖੇ ਕੋਰਸ ਨੂੰ ਪਹਿਲਾਂ ਹੀ ਪੂਰਾ ਕੀਤਾ ਹੋਇਆ ਹੈ।
- ਵਿਦਿਆਰਥੀ ਦੇ ਕੋਰਸ ਗ੍ਰੇਡ ਦੀ ਪੱਧਰ ਦੇ ਹਿਸਾਬ ਨਾਲ ਨਹੀਂ ਜਾਂ ਗ੍ਰੈਜੂਏਸ਼ਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ

ਕਾਊਂਸਲਰ ਸੈਕੰਡਰੀ ਸਕੂਲ ਤੋਂ ਬਾਅਦ ਦੀਆਂ ਸ਼ਰਤਾਂ ਬਾਰੇ ਜਾਣਕਾਰੀ ਲੱਭਣ ਵਿੱਚ ਵਿਦਿਆਰਥੀਆਂ ਦੀ ਮਦਦ ਕਰਨਗੇ ਅਤੇ ਪੂਰੀ ਕੋਸ਼ਿਸ਼ ਕਰਨਗੇ ਕਿ ਵਿਦਿਆਰਥੀ ਦੇ ਪ੍ਰੋਗਰਾਮ ਵਿੱਚ ਇਹ ਸ਼ਰਤਾਂ ਪੂਰੀਆਂ ਕਰਨ ਦੇ ਕੋਰਸ ਹੋਣ।

**** ਕਿਰਪਾ ਕਰਕੇ ਨੋਟ ਕਰੋ ਕਿ ਕਲਾਸਾਂ ਦੇ ਸਾਈਜ਼ ਦੀਆਂ ਬੰਦਸ਼ਾਂ ਕਰਕੇ ਕੋਰਸਾਂ ਵਿੱਚ ਤਬਦੀਲੀਆਂ ਕਰਨ ਦੀਆਂ ਹੋਰ ਬੇਨਤੀਆਂ ਨੂੰ ਸਵੀਕਾਰ ਕਰਨ ਦੇ ਬਹੁਤ ਘੱਟ ਮੌਕੇ ਹੋਣਗੇ***

**** ਕੋਰਸਾਂ ਵਿੱਚ ਤਬਦੀਲੀਆਂ ਕਰਨ ਲਈ ਬੇਨਤੀ ਕਰਨ ਵਾਲੇ ਵਿਦਿਆਰਥੀਆਂ ਲਈ ਜ਼ਰੂਰੀ ਹੈ ਉਹ ਇਸ ਲਈ ਆਪਣੇ ਮਾਪਿਆਂ ਦੇ ਦਸਖਤਾਂ ਵਾਲੀ ਚਿੱਠੀ/ਈਮੇਲ ਭੇਜਣ ਜਿਸ ਵਿੱਚ ਕੋਰਸ ਵਿੱਚ ਤਬਦੀਲੀ ਕਰਨ ਦੀ ਬੇਨਤੀ, ਅਤੇ ਬੇਨਤੀ ਕਰਨ ਦੇ ਕਾਰਨ ਦਿੱਤੇ ਗਏ ਹੋਣ ਅਤੇ ਇਹ ਚਿੱਠੀ/ਈਮੇਲ ਉਚਿਤ ਕਾਊਂਸਲਰ ਨੂੰ ਭੇਜੀ ਗਈ ਹੋਵੇ।*** *ਕਾਊਂਸਲਰ 26 ਅਗਸਤ ਤੋਂ ਸਕੂਲ ਵਿੱਚ ਹੋਣਗੇ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਕੋਰਸਾਂ ਵਿੱਚ ਤਬਦੀਲੀ ਕਰਨ ਬਾਰੇ ਗੱਲਬਾਤ ਕਰਨ ਲਈ ਅਪੁਆਇੰਟਮੈਂਟ ਬਣਾਉਣ ਲਈ ਆਪਣੇ ਕਾਊਂਸਲਰ ਨਾਲ ਪਹਿਲਾਂ ਸੰਪਰਕ ਕਰਨ। ਕਲਾਸਾਂ ਸ਼ੁਰੂ ਹੋਣ ਬਾਅਦ ਵਿਦਿਆਰਥੀਆਂ ਤੋਂ ਆਪਣੇ ਸਕੈਜੂਅਲ ਵਿਚਲੀਆਂ ਸਾਰੀਆਂ ਕਲਾਸਾਂ ਵਿੱਚ ਹਾਜ਼ਰ ਹੋਣ ਦੀ ਅਤੇ ਕੋਰਸਾਂ ਵਿੱਚ ਤਬਦੀਲੀ ਕਰਨ ਦੀਆਂ ਬੇਨਤੀਆਂ ਬਾਰੇ ਕਾਊਂਸਲਰ ਵਲੋਂ ਸੰਪਰਕ ਕੀਤੇ ਜਾਣ ਦੀ ਉਡੀਕ ਕਰਨ ਦੀ ਉਮੀਦ ਕੀਤੀ ਜਾਂਦੀ ਹੈ।*

## ਹਾਜ਼ਰੀ

ਕਿਰਪਾ ਕਰਕੇ ਵਿਦਿਆਰਥੀ ਦੀ ਗੈਰਹਾਜ਼ਰੀ ਬਾਰੇ ਰਿਪੋਰਟ ਕਰਨ ਲਈ ਸਕੂਲ ਨੂੰ 604-596-7471 'ਤੇ ਫੋਨ ਕਰੋ। ਕਿਸੇ ਬੀਮਾਰੀ ਜਾਂ ਕਿਸੇ ਹੋਰ ਕਾਰਨ ਕਰਕੇ ਘਰ ਨੂੰ ਜਾਣ ਦੀ ਲੋੜ ਰੱਖਣ ਵਾਲੇ ਵਿਦਿਆਰਥੀਆਂ ਨੂੰ ਆਪਣੇ ਮਾਪੇ/ਗਾਰਡੀਅਨ ਨਾਲ ਸੰਪਰਕ ਕਰਨ ਲਈ ਦਫਤਰ ਵਿੱਚ ਆਉਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਘਰ ਜਾਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਦਫਤਰ ਦਾ ਸਟਾਫ ਮਾਪੇ/ਗਾਰਡੀਅਨ ਨਾਲ ਗੱਲ ਕਰੇਗਾ। ਜੇ ਸਕੂਲ ਦੇ ਸਮੇਂ ਦੌਰਾਨ ਅਪੁਆਇੰਟਮੈਂਟ ਬਣਾਈ ਗਈ ਹੋਵੇ ਤਾਂ ਵਿਦਿਆਰਥੀ ਕੋਲ ਨੋਟ ਭੇਜੋ। ਜੇ ਉਨ੍ਹਾਂ ਦੇ ਵਿਦਿਆਰਥੀ ਬਿਨਾਂ ਕਿਸੇ ਕਾਰਨ ਗੈਰਹਾਜ਼ਰ ਹੁੰਦੇ ਹਨ ਤਾਂ ਮਾਪਿਆਂ ਨਾਲ ਹਰ ਰੋਜ਼ ਈਮੇਲ ਰਾਹੀਂ ਸੰਪਰਕ ਕੀਤਾ ਜਾਵੇਗਾ।

## ਮੈਡੀਕਲ ਅਲਰਟ

ਕਿਸੇ ਵੀ ਮੈਡੀਕਲ ਹਾਲਾਤ (ਕੰਡੀਸ਼ਨ) ਵਾਲੇ ਵਿਦਿਆਰਥੀਆਂ ਦੇ ਮਾਪਿਆਂ/ਗਾਰਡੀਅਨਾਂ ਵਲੋਂ ਮੈਡੀਕਲ ਅਲਰਟ ਕਾਰਡ ਭਰਿਆ ਜਾਣਾ ਜ਼ਰੂਰੀ ਹੈ, ਜਿਸ ਨੂੰ ਦਫਤਰ ਵਿੱਚ ਰੱਖਿਆ ਜਾਂਦਾ ਹੈ।

## ਸਾਲਾਨਾ ਇਜਾਜ਼ਤ ਦੇ ਫਾਰਮ (ਐਨੁਅਲ ਪਰਮਿਸ਼ਨ ਫਾਰਮਜ਼)

ਡੈਲਟਾ ਸਕੂਲ ਡਿਸਟ੍ਰਿਕਟ ਪੇਰੈਂਟ ਕੁਨੈਕਟ 'ਤੇ ਦਿੱਤੇ ਗਏ ਇਜਾਜ਼ਤ ਦੇ ਫਾਰਮਾਂ ਬਾਰੇ ਮਾਪਿਆਂ ਦੀ ਸਾਲਾਨਾ ਇਜਾਜ਼ਤ ਦੀ ਮੰਗ ਕਰਦਾ ਹੈ।

ਤੁਹਾਡੇ ਵਲੋਂ ਰਿਵੀਊ ਕਰਨ ਅਤੇ ਇਖ਼ਤਿਆਰ ਦੇਣ ਲਈ ਹੇਠਾਂ ਦਰਜ ਕੀਤੇ ਫਾਰਮ ਪੇਰੈਂਟ ਕੁਨੈਕਟ 'ਤੇ ਪੋਸਟ ਕੀਤੇ ਗਏ ਹਨ। ਕਿਰਪਾ ਕਰਕੇ ਪੇਰੈਂਟ ਕੁਨੈਕਟ 'ਤੇ ਲਾਗ-ਇਨ ਕਰੋ, ਦਿੱਤੇ ਗਏ ਨੋਟਿਸਾਂ ਨੂੰ ਰਿਵੀਊ ਕਰੋ ਅਤੇ ਹਰ ਇਕ ਫਾਰਮ ਲਈ ਢੁਕਵਾਂ ਜੁਆਬ ਦਿਉ।

- *ਨਿੱਜੀ ਜਾਣਕਾਰੀ ਲਈ ਸਹਿਮਤੀ ਫਾਰਮ*
- *ਸਕੂਲ ਵਿੱਚ ਬਾਹਰਲਾ ਮੀਡੀਆ*
- *ਇਲੈਕਟ੍ਰੌਨਿਕ ਕਮਿਊਨੀਕੇਸ਼ਨ*

- *ਵਾਕਿੰਗ ਫੀਲਡ ਟ੍ਰਿਪਾਂ ਲਈ ਇਜਾਜ਼ਤ*
- *ਬੀ ਸੀ ਦਾ ਫਰੂਟਸ ਐਂਡ ਵੈਜੀਟੇਬਲ ਪ੍ਰੋਗਰਾਮ*
- *ਗੂਗਲ ਐਪਸ ਫਾਰ ਐਜੂਕੇਸ਼ਨ*
- *ਡੈਮੋਗ੍ਰਾਫਕ ਇਨਫੌਰਮੇਸ਼ਨ (ਜਨ-ਅੰਕੜਿਆਂ ਬਾਰੇ ਜਾਣਕਾਰੀ)*
- *ਵਿਦਿਆਰਥੀ ਦੀ ਐਮਰਜੰਸੀ ਰੀਲੀਜ਼*

ਪੇਰੈਂਟ ਕੁਨੈਕਟ ਨਾ ਵਰਤਣ ਵਾਲੇ ਮਾਪਿਆਂ/ਗਾਰਡੀਅਨਾਂ ਨੂੰ ਫਾਰਮਾਂ ਦੀਆਂ ਕਾਪੀਆਂ ਲੈਣ ਲਈ ਸਕੂਲ ਨੂੰ 604-596-7471 'ਤੇ ਫੋਨ ਕਰਨਾ ਚਾਹੀਦਾ ਹੈ। ਬੇਨਤੀ ਕਰਨ 'ਤੇ ਫਾਰਮ ਦਫਤਰ ਤੋਂ ਮਿਲ ਸਕਦੇ ਹਨ ਜਾਂ ਵਿਦਿਆਰਥੀ ਕੋਲ ਘਰ ਨੂੰ ਭੇਜੇ ਜਾ ਸਕਦੇ ਹਨ ਜਾਂ ਡਾਕ ਰਾਹੀਂ ਭੇਜੇ ਜਾ ਸਕਦੇ ਹਨ। ਜ਼ਰੂਰੀ ਹੈ ਕਿ ਸਾਰੇ ਫਾਰਮ ਗੌਰ ਕਰਨ ਤੋਂ ਬਾਅਦ 30 ਸਤੰਬਰ 2019 ਤੱਕ ਸਕੂਲ ਨੂੰ ਵਾਪਸ ਭੇਜ ਦਿੱਤੇ ਜਾਣ।

## ਪਰਿਵਾਰਾਂ ਨਾਲ ਸੰਚਾਰ (ਕਮਿਊਨੀਕੇਸ਼ਨ)

ਸਾਰੇ ਸਾਲ ਦੌਰਾਨ ਪਰਿਵਾਰਾਂ ਨਾਲ ਕੀਤਾ ਜਾਂਦਾ ਬਹੁਤਾ ਸੰਚਾਰ ਸਾਡੇ ਵੈੱਬਸਾਈਟ, ਈਮੇਲ ਅਤੇ ਪੇਰੈਂਟ ਕੁਨੈਕਟ ਰਾਹੀਂ ਇਲੈਕਟ੍ਰੌਨਿਕ ਢੰਗ ਨਾਲ ਕੀਤਾ ਜਾਂਦਾ ਹੈ। **ਕਿਰਪਾ ਕਰਕੇ ਇਹ ਪੱਕਾ ਕਰੋ ਕਿ ਤੁਸੀਂ ਸਾਨੂੰ ਅੱਗੇ ਦਿੱਤੀਆਂ ਚੀਜ਼ਾਂ ਸਹੀ ਰੂਪ ਵਿੱਚ ਦਿੱਤੀਆਂ ਹਨ:**

- **ਈਮੇਲ ਪਤੇ**
- **ਕੰਮ ਦਾ, ਘਰ ਦਾ ਅਤੇ ਸੈੱਲ ਫੋਨ ਨੰਬਰ**
- **ਐਮਰਜੰਸੀ ਸੰਪਰਕ**
- **ਵਿਦਿਆਰਥੀ ਦੀ ਐਮਰਜੰਸੀ ਰਿਲੀਜ਼ ਜਾਣਕਾਰੀ**

## ਵਿਦਿਆਰਥੀਆਂ ਦੀਆਂ ਫੀਸਾਂ

**ਵਿਦਿਆਰਥੀਆਂ ਦੀਆਂ ਫੀਸਾਂ ਵੀਰਵਾਰ 17 ਅਕਤੂਬਰ ਨੂੰ ਇਕੱਤਰ ਕੀਤੀਆਂ ਜਾਣਗੀਆਂ।** ਵਿਦਿਆਰਥੀਆਂ ਦੀਆਂ ਫੀਸਾਂ ਕਲਾਸਾਂ ਵਿੱਚ ਤਬਦੀਲੀਆਂ ਕਰ ਲੈਣ ਤੋਂ ਬਾਅਦ ਸਤੰਬਰ ਦੇ ਅਖੀਰ 'ਤੇ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਫੀਸਾਂ ਸਟੂਡੈਂਟ/ਪੇਰੈਂਟ ਕੁਨੈਕਟ ਉੱਪਰ ਦੇਖੀਆਂ ਜਾ ਸਕਦੀਆਂ ਹਨ। ਫੀਸਾਂ ਵਿੱਚ ਸ਼ਾਮਲ ਹਨ: ਬੇਸਿਕ ਸਟੂਡੈਂਟ ਫੀਸ, ਐਮਰਜੰਸੀ ਪ੍ਰੀਪੇਅਰਡਨੈੱਸ ਫੀਸ ਅਤੇ ਕੁਝ ਕੇਸਾਂ ਵਿੱਚ ਖਪਤ ਕੀਤੀ ਜਾਣ ਵਾਲੀ ਸਮੱਗਰੀ ਦਾ ਖਰਚਾ ਪੂਰਾ ਕਰਨ ਲਈ ਵਿਦਿਆਰਥੀਆਂ ਤੋਂ ਕੋਰਸ ਲਈ ਵੀ ਫੀਸ ਲਈ ਜਾ ਸਕਦੀ ਹੈ। ਵਿਦਿਆਰਥੀ ਮਰਜ਼ੀ ਨਾਲ ਕੋਰਸ ਦਾ ਸਮਰਥਨ ਕਰਨ ਵਾਲੀਆਂ 'ਵਾਧੂ ਚੀਜ਼ਾਂ' ਲੈਣ ਦੀ ਚੋਣ ਵੀ ਕਰ ਸਕਦੇ ਹਨ, ਜਿਹੜੀਆਂ ਕੋਰਸ ਵਿੱਚ ਮਦਦਗਾਰ ਹੁੰਦੀਆਂ ਹਨ ਪਰ ਕੋਰਸ ਪੂਰਾ ਕਰਨ ਲਈ ਜ਼ਰੂਰੀ ਨਹੀਂ ਹੁੰਦੀਆਂ। ਗ੍ਰੇਡ 8 ਦੇ ਵਿਦਿਆਰਥੀਆਂ ਤੋਂ ਤਾਲੇ (ਲੌਕ) ਦੀ ਫੀਸ ਵੀ ਲਈ ਜਾਵੇਗੀ। ਯੀਅਰਬੁੱਕ ਨੂੰ ਖ਼੍ਰੀਦਣਾ ਵਿਦਿਆਰਥੀ ਦੀ ਮਰਜ਼ੀ ਹੈ ਅਤੇ ਇਸ ਦੇ ਪੈਸੇ ਉਨ੍ਹਾਂ ਵਿਦਿਆਰਥੀਆਂ ਤੋਂ ਹੀ ਲਏ ਜਾਣਗੇ ਜੋ ਇਸ ਨੂੰ ਖ਼੍ਰੀਦਣ ਦਾ ਫੈਸਲਾ ਕਰਨਗੇ।

## ਗ੍ਰੇਡ 8 ਦੇ ਵਿਦਿਆਰਥੀਆਂ ਲਈ ਜਾਣਕਾਰੀ ਦੀ ਸ਼ਾਮ

ਗ੍ਰੇਡ 8 ਦੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ *ਮੰਗਲਵਾਰ, 17 ਸਤੰਬਰ ਨੂੰ ਸ਼ਾਮ ਦੇ 6 ਵਜੇ ਤੋਂ 7 ਵਜੇ ਤੱਕ* ਸਾਡੇ ਨਾਲ 'ਸਵਾਗਤੀ ਸ਼ਾਮ' ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਪ੍ਰਬੰਧਕ ਸਕੂਲ ਬਾਰੇ ਮਹੱਤਵਪੂਰਨ ਜਾਣਕਾਰੀ ਦੇਣਗੇ ਅਤੇ ਪਰਿਵਾਰਾਂ ਨੂੰ ਸਵਾਲ ਪੁੱਛਣ ਦਾ ਮੌਕਾ ਵੀ ਦਿੱਤਾ ਜਾਵੇਗਾ।

## ਐੱਨ ਡੀ ਐੱਸ ਐੱਸ 'ਮਾਈ ਸਕੂਲ ਡੇਅ' ਐਪ

ਸਕੂਲ ਦੀਆਂ ਖਬਰਾਂ ਅਤੇ ਸਮਾਗਮਾਂ ਬਾਰੇ ਫੌਰਨ ਤਾਜ਼ੀ ਜਾਣਕਾਰੀ ਸਕੂਲ ਐਪ ਤੋਂ ਮਿਲ ਸਕੇਗੀ। ਵਿਦਿਆਰਥੀਆਂ ਅਤੇ ਮਾਪਿਆਂ ਨੂੰ ਐੱਨ ਡੀ ਐੱਸ ਐੱਸ 'ਮਾਈ ਸਕੂਲ ਡੇਅ' ਐਪ ਡਾਊਨਲੋਡ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਕਿਰਪਾ ਕਰਕੇ ਇਹ ਐਪ, ਐਪ

ਸਟੋਰ ਤੋਂ ਡਾਊਨਲੋਡ ਕਰੋ। ਹੋਰ ਜਾਣਕਾਰੀ ਲਈ ਜਾਓ: https://myschoolday.app/download

## ਸਕੂਲ ਫੋਟੋਆਂ

ਸਕੂਲ ਦੀਆਂ ਫੋਟੋਆਂ ਬੁੱਧਵਾਰ 11 ਸਤੰਬਰ ਨੂੰ ਖਿੱਚੀਆਂ ਜਾਣਗੀਆਂ। ਸਾਰੇ ਵਿਦਿਆਰਥੀਆਂ ਲਈ ਆਪਣੇ ਸਟੂਡੈਂਟ ਆਈ ਡੀ ਕਾਰਡ ਅਤੇ ਯੀਅਰਬੁੱਕ ਲਈ ਫੋਟੋਆਂ ਖਿੱਚਵਾਉਣੀਆਂ ਜ਼ਰੂਰੀ ਹਨ। ਵਿਦਿਆਰਥੀ ਅਰਟੋਨਾ ਤੋਂ ਫੋਟੋਆਂ ਲਈ ਆਨਲਾਈਨ ਆਰਡਰ ਕਰ ਸਕਣਗੇ। ਵੀਰਵਾਰ 3 ਅਕਤੂਬਰ ਨੂੰ ਦੁਬਾਰਾ ਫੋਟੋਆਂ (ਰੀਟੇਕਸ) ਖਿੱਚੀਆਂ ਜਾਣਗੀਆਂ।

ਗ੍ਰੈਡ ਫੋਟੋਆਂ 24 ਜਨਵਰੀ – 2 ਫਰਵਰੀ ਵਿਚਕਾਰ ਖਿੱਚੀਆਂ ਜਾਣਗੀਆਂ। ਗ੍ਰੇਡ 12 ਦੇ ਵਿਦਿਆਰਥੀ ਆਪਣੀਆਂ ਗ੍ਰੈਡ ਫੋਟੋਆਂ ਖਿੱਚਵਾਉਣ ਦਾ ਸਮਾਂ ਅਰਟੋਨਾ ਰਾਹੀਂ ਸਿੱਧਾ ਆਨਲਾਈਨ ਬੁੱਕ ਕਰਨਗੇ।

## ਮਾਪੇ/ਗਾਰਡੀਅਨ ਵਜੋਂ ਧਿਆਨ ਦੇਣਾ

ਅਸੀਂ ਮਾਪਿਆਂ/ਗਾਰਡੀਅਨਾਂ ਨੂੰ ਆਪਣੇ ਬੱਚੇ ਦੀ ਸਕੂਲ ਵਿੱਚ ਤਰੱਕੀ ਵੱਲ ਧਿਆਨ ਦੇਣ ਲਈ ਉਤਸ਼ਾਹਿਤ ਕਰਦੇ ਹਾਂ। ਮਾਪੇ ਵਿਦਿਆਰਥੀ ਦੀ ਹਾਜ਼ਰੀ ਅਤੇ ਰਿਪੋਰਟ ਕਾਰਡ ਦੇਖਣ ਲਈ ਪੇਰੇਂਟ ਕੁਨੈਕਟ ਦੀ ਵਰਤੋਂ ਕਰ ਸਕਦੇ ਹਨ। ਅਸੀਂ ਮਾਪਿਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਜਦੋਂ ਉਨ੍ਹਾਂ ਦੇ ਮਨ ਵਿੱਚ ਕੋਈ ਸਵਾਲ ਹੋਵੇ ਤਾਂ ਉਹ ਸਕੂਲ ਨਾਲ ਸੰਪਰਕ ਕਰਨ।

## ਪੀ ਏ ਸੀ (ਪੇਰੈਂਟ ਐਡਵਾਈਜ਼ਰੀ ਕਾਊਂਸਲ)

ਐੱਨ ਡੀ ਐੱਸ ਐੱਸ ਦੀ ਪੀ ਏ ਸੀ ਸਾਰੇ ਸਕੂਲ ਸਾਲ ਦੌਰਾਨ ਮਹੀਨਾਵਾਰ ਮੀਟਿੰਗਾਂ ਕਰਦੀ ਹੈ। ਪੀ ਏ ਸੀ ਪ੍ਰਬੰਧਕਾਂ ਨੂੰ ਆਪਣੀ ਰਾਇ ਅਤੇ ਵਿਚਾਰ ਪ੍ਰਦਾਨ ਕਰਦੀ ਹੈ ਅਤੇ ਸਕੂਲ ਵਿੱਚ ਪਾਠਕ੍ਰਮ ਤੋਂ ਬਾਹਰੇ ਪ੍ਰੋਗਰਾਮਾਂ ਦੇ ਸਮਰਥਨ ਲਈ ਫੰਡਾਂ ਲਈ ਅਰਜ਼ੀ ਕਰਦੀ ਹੈ ਅਤੇ ਫੰਡਾਂ ਦੀ ਵੰਡ ਕਰਦੀ ਹੈ। *ਪੀ ਏ ਸੀ ਆਮ ਤੌਰ 'ਤੇ ਫੰਡ ਇਕੱਠਾ ਕਰਨ ਲਈ ਸਮਾਗਮ ਨਹੀਂ ਕਰਦੀ।* ਸਾਰੇ ਮਾਪਿਆਂ, ਖਾਸ ਕਰਕੇ ਗ੍ਰੇਡ 8 ਦੇ ਵਿਦਿਆਰਥੀਆਂ ਦੇ ਮਾਪਿਆਂ, ਨੂੰ ਪੀ ਏ ਸੀ ਵਿੱਚ ਸ਼ਾਮਲ ਹੋਣ, ਦਿਲਚਸਪੀ ਰੱਖਣ ਵਾਲੇ ਦੂਜੇ ਮਾਪਿਆਂ ਨੂੰ ਮਿਲਣ ਅਤੇ ਸਕੂਲ ਅਤੇ ਬੀ ਸੀ ਦੀ ਵਿਦਿਆ ਬਾਰੇ ਹੋਈਆਂ ਤਾਜ਼ੀਆਂ ਤਬਦੀਲੀਆਂ ਬਾਰੇ ਜਾਣਨ ਦਾ ਸੱਦਾ ਦਿੱਤਾ ਜਾਂਦਾ ਹੈ। **ਇਸ ਸਾਲ ਦੀ ਪਹਿਲੀ ਪੀ ਏ ਸੀ ਮੀਟਿੰਗ ਮੰਗਲਵਾਰ, 17 ਸਤੰਬਰ ਨੂੰ ਸ਼ਾਮ ਦੇ 7 ਵਜੇ ਹੋਵੇਗੀ**